# ਦੀ ਖੁੰਨਣ ਖੁਰਦ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ: ਖੁੰਨਣ ਖੁਰਦ।

ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ, ਚੰਡੀਗੜ੍ਹ ਜੀ ਦੇ ਦਫਤਰੀ ਪੱਤਰ ਨੰਬਰ ਰਸਸ/ਰਿਣ-2/ਸੀ.ਏ.ਏ.5/ਨਿ. ਗਿੱਦੜਬਾਹਾ/11313 ਮਿਤੀ 08-10-2021 ਰਾਹੀਂ ਸਭਾ ਵਿੱਚ ਸੇਵਾਦਾਰ ਕਮ ਚੌਕੀਦਾਰ ਦੀ ਖਾਲੀ ਅਸਾਮੀ ਭਰਨ ਦੀ ਪ੍ਰਵਾਨਗੀ ਪ੍ਰਾਪਤ ਹੋਈ ਹੈ ਜਿਸਦੀ ਪਾਲਣਾ ਵਿੱਚ ਦੀ ਖੁੰਨਣ ਖੁਰਦ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ. ਖੁੰਨਣ ਖੁਰਦ ਦੀ ਪ੍ਰਬੰਧਕ ਕਮੇਟੀ ਵੱਲੋਂ ਗਠਿਤ ਤਿੰਨ ਮੈਂਬਰੀ ਸਲੈਕਸ਼ਨ ਕਮੇਟੀ ਵੱਲੋਂ ਸਭਾ ਵਿੱਚ ਕੋਂਟਰੈਕਟ ਬੇਸ ਤੇ ਡੀ.ਸੀ. ਰੇਟਾਂ ਤਹਿਤ ਸੇਵਾਦਾਰ ਕਮ ਚੌਕੀਦਾਰ ਦੀ ਖਾਲੀ ਅਸਾਮੀ ਨੂੰ ਭਰਨ ਲਈ ਯੋਗ ਉਮੀਦਵਾਰਾਂ ਪਾਸੋਂ ਅਸਾਮੀਆਂ ਦੀ ਮੰਗ ਕੀਤੀ ਜਾਂਦੀ ਹੈ ਜਿਸ ਤਹਿਤ ਲੋੜੀਂਦੀਆਂ ਸ਼ਰਤਾਂ ਅਤੇ ਯੋਗਤਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ-

1. ਉਮੀਦਵਾਰ ਪੰਜਾਬੀ ਪੜ੍ਹਨੀ ਅਤੇ ਲਿਖਣੀ ਜਾਣਦਾ ਹੋਵੇ।
2. ਸੇਵਾਮੁਕਤ/ਸਾਬਕਾ ਫੌਜੀ (ਐਕਸ ਸਰਵਿਸਮੈਨ) ਨੂੰ ਪਹਿਲ ਦਿੱਤੀ ਜਾਵੇਗੀ।
3. ਪੇਂਡੂ ਪਿਛੋਕੜ।
4. ਸਭਾ ਵਿੱਚ ਸੇਵਾਦਾਰ ਕਮ ਚੌਂਕੀਦਾਰ ਦੀ ਭਰਤੀ ਲਈ ਕੀਤੀ ਜਾਣ ਵਾਲੀ ਇੰਟਰਵਿਊ ਅਧਿਕਾਰਤ ਸਲੈਕਸ਼ਨ ਕਮੇਟੀ ਵੱਲੋਂ ਕੀਤੀ ਜਾਵੇਗੀ ਅਤੇ ਇੰਟਰਵਿਊ ਹੀ ਸਲੈਕਸ਼ਨ ਸਬੰਧੀ ਇੱਕੋ-ਇੱਕ ਪੜਾਅ ਹੈ।
5. ਸਭਾ ਦੀ ਸਲੈਕਸ਼ਨ ਕਮੇਟੀ ਬਿਨਾਂ ਕਾਰਨ ਦੱਸੇ ਇੰਟਰਵਿਊ ਮੁਲਤਵੀ ਕਰ ਸਕਦੀ ਹੈ।
6. ਇਹ ਨਿਯੁਕਤੀ ਮਨਯੋਗ ਡਿਪਟੀ ਕਮਿਸ਼ਨਰ ਜੀ ਵੱਲੋਂ ਨਿਰਧਾਰਿਤ ਸਮੇਂ-ਸਮੇਂ ਸਿਰ ਤਨਖਾਹ ਰੇਟਾਂ 'ਤੇ ਕੀਤੀ ਜਾਵੇਗੀ।
7. ਨੌਕਰੀ 'ਤੇ ਹਾਜਿਰ ਕਰਵਾਉਣ ਤੋਂ ਪਹਿਲਾਂ ਕਰਮਚਾਰੀ ਪਾਸੋਂ 10,000/- ਰੁਪਏ ਦੀ ਜਮਾਨਤ ਲੈਣੀ ਯਕੀਨੀ ਬਣਾਈ ਜਾਵੇਗੀ।
8. ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀ ਦੀ ਨਿਯੁਕਤੀ ਸਰਵਿਸ ਰੂਲਜ 1997 ਅਤੇ ਮੁੱਖ ਦਫਤਰ ਵੱਲੋਂ ਸਮੇਂ ਸਮੇਂ ਸਿਰ ਜਾਰੀ ਹਿਦਾਇਤਾਂ ਦੇ ਅਧੀਨ ਹੋਵੇਗੀ।
9. ਸਭਾ ਵਿੱਚ ਭਰਤੀ ਕੀਤੇ ਜਾਣ ਵਾਲੇ ਸੇਵਾਦਾਰ-ਕਮ-ਚੌਂਕੀਦਾਰ ਨੂੰ ਮਾਣਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ, ਚੰਡੀਗੜ੍ਹ ਜੀ ਦੀ ਅਗੇਤਰੀ ਪ੍ਰਵਾਨਗੀ ਤੋਂ ਬਿਨਾਂ ਗਰੇਡ ਅਨੁਸਾਰ ਤਨਖਾਹ ਨਹੀਂ ਦਿੱਤੀ ਜਾਵੇਗੀ।
10. ਸਭਾ ਵਿੱਚ ਖਾਲੀ ਪਈ ਸੇਵਾਦਾਰ ਕਮ-ਚੌਂਕੀਦਾਰ ਦੀ ਅਸਾਮੀ ਨੂੰ ਰੂਲਜ ਅਨੁਸਾਰ ਭਰਨ ਲਈ ਸਭਾ ਦੇ ਦਾਇਰਾ ਕਾਰੋਬਾਰ ਵਿੱਚ ਆਉਂਦੇ ਪਿੰਡਾਂ ਵਿੱਚ ਰਹਿੰਦੇ ਮੈਂਬਰਾਂ ਅਤੇ ਗੈਰ-ਮੈਂਬਰਾਂ ਨੂੰ ਸਭਾ ਵਿੱਚ ਭਰਤੀ ਲਈ ਅਸਾਮੀਆਂ ਦੀ ਮੰਗ ਸਬੰਧੀ ਪਿੰਡਾਂ ਦੇ ਚੌਂਕੀਦਾਰਾਂ/ਨੰਬਰਦਾਰਾਂ ਰਾਹੀਂ ਜਨਤਕ ਸੂਚਨਾ ਦੇਣ ਦੀ ਜ਼ਿੰਮੇਵਾਰੀ ਸਭਾ ਦੇ ਪ੍ਰਧਾਨ ਸ੍ਰੀ ਭੁਪਿੰਦਰ ਸਿੰਘ ਦੀ ਲਗਾਈ ਜਾਂਦੀ ਹੈ।
11. ਸਭਾ ਵਿੱਚ ਸੇਵਾਦਾਰ-ਕਮ-ਚੌਂਕੀਦਾਰ ਦੀ ਭਰਤੀ ਸਬੰਧੀ ਪੰਜਾਬੀ ਦੇ ਅਖਬਾਰ ਵਿੱਚ ਜਨਤਕ ਨੋਟਿਸ ਦੇਣ ਲਈ ਸਲੈਕਸ਼ਨ ਕਮੇਟੀ ਦੇ ਪ੍ਰਧਾਨ ਅਤੇ ਸਕੱਤਰ ਸਭਾ ਨੂੰ ਅਧਿਕਾਰਤ ਕੀਤਾ ਜਾਂਦਾ ਹੈ।
12. ਸੇਵਾਦਾਰ-ਕਮ-ਚੌਂਕੀਦਾਰ ਦੀ ਅਸਾਮੀ ਲਈ ਅਪਲਾਈ ਕਰਨ ਲਈ ਚਾਹਵਾਨ ਉਮੀਦਵਾਰਾਂ ਨੂੰ ਸਾਦੇ ਕਾਗਜ਼ ਉਪਰ ਆਪਣੀ ਦਰਖਾਸਤ ਦੇ ਨਾਲ ਆਪਣੇ ਸਵੈ-ਤਸਦੀਕਸ਼ੁਦਾ ਸਰਟੀਫਿਕੇਟ ਮਿਤੀ 23.12.2021 ਨੂੰ ਸ਼ਾਮ 5 ਵਜੇ ਤੱਕ ਸਭਾ ਦੇ ਸੇਵਾਦਾਰ, ਕਮ-ਚੌਂਕੀਦਾਰ ਜਗਦੇਵ ਸਿੰਘ ਪਾਸ ਸਬਮਿਟ ਕਰਵਾਉਣੇ ਲਾਜਮੀ ਹਨ। ਦੇਰੀ ਨਾਲ ਆਈ ਕੋਈ ਵੀ ਦਰਖਾਸਤ ਵਿਚਾਰਣਯੋਗ ਨਹੀਂ ਹੋਵੇਗੀ। ਉਮੀਦਵਾਰਾਂ ਨੂੰ ਇਸ ਸਬੰਧੀ ਕੋਈ ਟੀ.ਏ/ਡੀ.ਏ. ਨਹੀਂ ਦਿੱਤਾ ਜਾਵੇਗਾ।
13. ਸਰਵਿਸ ਵਿੱਚ ਨਿਯੁਕਤੀ ਉਪਰੰਤ ਸੇਲਜਮੈਨ ਇੱਕ ਸਾਲ ਦੇ ਸਮੇਂ ਲਈ ਅਜਮਾਇਸ਼ ਤੇ ਹੋਵੇਗਾ।

ਨੋਟ : ਭਰਤੀ ਸਬੰਧੀ ਇੰਟਰਵਿਊ ਮਿਤੀ 24.12.2021 ਨੂੰ ਸਭਾ ਦੇ ਦਫਤਰ ਪਿੰਡ ਖੁੰਨਣ ਖੁਰਦ (ਤਹਿਸੀਲ) ਗਿੱਦੜਬਾਹਾ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਸਵੇਰੇ 11 ਵਜੇ ਨਿਸ਼ਚਿਤ ਕੀਤੀ ਗਈ ਹੈ।

ਸਹੀ ਪ੍ਰਧਾਨ/-

ਸਹੀ/- ਸਕੱਤਰ

**ਦੀ ਖੁੰਨਣ ਖੁਰਦ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ.**

Scanned with CamScanner

POWERS OF THE ESTATE OFFICER, U.T., CHANDIGARH.

# ਦੀ ਖੁੰਨਣ ਖੁਰਦ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ: ਖੁੰਨਣ ਖੁਰਦ

ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ, ਚੰਡੀਗੜ ਜੀ ਦੇ ਦਫਤਰੀ ਪੱਤਰ ਨੰਬਰ ਰਸਸ/ਰਿਣ-2/ਸੀ.ਈ.ਏ.5/ਨਿ. ਗਿਦੜਬਾਹਾ/11313 ਮਿਤੀ 08-10-2021 ਰਾਹੀ ਸਭਾ ਵਿੱਚ ਸੇਵਾਦਾਰ ਕਮ ਚੌਕੀਦਾਰ ਦੀ ਖਾਲੀ ਅਸਾਮੀ ਭਰਨ ਦੀ ਪ੍ਰਵਾਨਗੀ ਪ੍ਰਾਪਤ ਹੋਈ ਹੈ ਜਿਸਦੀ ਪਾਲਣਾ ਵਿੱਚ ਦੀ ਖੁੰਨਣ ਖੁਰਦ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ: ਖੁੰਨਣ ਖੁਰਦ ਦੀ ਪ੍ਰਬੰਧਕ ਕਮੇਟੀ ਵੱਲੋਂ ਗਠਿਤ ਤਿੰਨ ਮੈਬਰੀ ਸਲੈਕਸ਼ਨ ਕਮੇਟੀ ਵੱਲੋਂ ਸਭਾ ਵਿੱਚ ਕੌਂਟਰੈਕਟ ਬੇਸ ਤੇ ਡੀ.ਸੀ ਰੇਟਾਂ ਤਹਿਤ ਸੇਵਾਦਾਰ ਕਮ ਚੌਕੀਦਾਰ ਦੀ ਖਾਲੀ ਅਸਾਮੀ ਨੂੰ ਭਰਨ ਲਈ ਯੋਗ ਉਮੀਦਵਾਰਾਂ ਪਾਸੋ ਅਸਾਮੀਆਂ ਦੀ ਮੰਗ ਕੀਤੀ ਜਾਂਦੀ ਹੈ ਜਿਸ ਤਹਿਤ ਲੋੜੀਦੀਆਂ ਸ਼ਰਤਾਂ ਅਤੇ ਯੋਗਤਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ-

1. ਉਮੀਦਵਾਰ ਪੰਜਾਬੀ ਪੜ੍ਹਨੀ ਅਤੇ ਲਿਖਣੀ ਜਾਣਦਾ ਹੋਵੇ।
2. ਸੇਵਾਮੁਕਤ/ਸਾਬਕਾ ਫੌਜੀ (ਐਕਸ ਸਰਵਿਸਮੈਨ) ਨੂੰ ਪਹਿਲ ਦਿੱਤੀ ਜਾਵੇਗੀ।
3. ਪੇਂਡੂ ਪਿਛੋਕੜ।
4. ਸਭਾ ਵਿੱਚ ਸੇਵਾਦਾਰ ਕਮ ਚੌਕੀਦਾਰ ਦੀ ਭਰਤੀ ਲਈ ਕੀਤੀ ਜਾਣ ਵਾਲੀ ਇੰਟਰਵਿਊ ਅਧਿਕਾਰਤ ਸਲੈਕਸ਼ਨ ਕਮੇਟੀ ਵੱਲੋ ਕੀਤੀ ਜਾਵੇਗੀ ਅਤੇ ਇੰਟਰਵਿਊ ਹੀ ਸਲੈਕਸ਼ਨ ਸਬੰਧੀ ਇੱਕੋ-ਇੱਕ ਪੜਾਅ ਹੈ।
5. ਸਭਾ ਦੀ ਸਲੈਕਸ਼ਨ ਕਮੇਟੀ ਬਿਨਾਂ ਕਾਰਨ ਦੱਸੇ ਇੰਟਰਵਿਊ ਮੁਲਤਵੀ ਕਰ ਸਕਦੀ ਹੈ।
6. ਇਹ ਨਿਯੁਕਤੀ ਮਾਨਯੋਗ ਡਿਪਟੀ ਕਮਿਸ਼ਨਰ ਜੀ ਵੱਲੋਂ ਨਿਰਧਾਰਿਤ ਸਮੇ-ਸਮੇ ਸਿਰ ਤਨਖਾਹ ਲੈਣੀ ਯਕੀਨੀ ਬਣਾਈ ਜਾਵੇਗੀ।
7. ਨੌਕਰੀ ਤੇ ਹਾਜਿਰ ਕਰਵਾਉਣ ਤੋਂ ਪਹਿਲਾਂ ਕਰਮਚਾਰੀ ਪਾਸੋਂ 10,000 ਰੁਪਏ ਦੀ ਜਮਾਨਤ ਲੈਣੀ ਯਕੀਨੀ ਬਣਾਈ ਜਾਵੇਗੀ।
8. ਨਿਯੁਕਤ ਕੀਤੇ ਜਾਂਦ ਵਾਲੇ ਕਰਮਚਾਰੀ ਦੀ ਨਿਯੁਕਤੀ ਸਰਵਿਸ ਰੂਲਜ 1997 ਅਤੇ ਮੁੱਖ ਦਰਤਰ ਵੱਲੋਂ ਸਮੇ-ਸਮੇ ਸਿਰ ਜਾਰੀ ਹਿਦਾਇਤਾਂ ਦੇ ਅਧੀਨ ਹੋਵੇਗੀ।
9. ਸਭਾ ਵਿੱਚ ਭਰਤੀ ਕੀਤੇ ਜਾਣ ਵਾਲੇ ਸੇਵਾਦਾਰ ਕਮ ਚੌਕੀਦਾਰ ਨੂੰ ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ, ਚੰਡੀਗੜ ਜੀ ਦੀ ਅਗੇਤਰੀ ਪ੍ਰਵਾਨਗੀ ਤੋ ਬਿਨਾਂ ਗ੍ਰੇਡ ਅਨੁਸਾਰ ਤਨਖਾਹ ਨਹੀ ਦਿੱਤੀ ਜਾਵੇਗੀ।
10. ਸਭਾ ਵਿੱਚ ਖਾਲੀ ਪਈ ਸੇਵਾਦਾਰ ਕਮ ਚੌਕੀਦਾਰ ਦੀ ਅਸਾਮੀ ਨੂੰ ਰੂਲਜ ਅਨੁਸਾਰ ਭਰਨ ਲਈ ਸਭਾ ਦੇ ਦਾਇਰਾ ਕਾਰੋਬਾਰ ਵਿੱਚ ਆਉਦੇ ਪਿੰਡਾਂ ਵਿੱਚ ਰਹਿੰਦੇ ਮੈਂਬਰਾਂ ਅਤੇ ਗੈਰ-ਮੈਂਬਰਾਂ ਨੂੰ ਸਭਾ ਵਿੱਚ ਭਰਤੀ ਲਈ ਅਸਾਮੀਆਂ ਦੀ ਮੰਗ ਸਬੰਧੀ ਪਿੰਡਾਂ ਦੇ ਚੌਕੀਦਾਰਾਂ/ਨੰਬਰਦਾਰਾਂ ਰਾਹੀ ਜਨਤਕ ਸੂਚਨਾਂ ਦੇਣ ਦੀ ਜਿੰਮੇਵਾਰੀ ਸਭਾ ਦੇ ਪ੍ਰਧਾਨ ਸ਼੍ਰੀ ਭੁਪਿੰਦਰ ਸਿੰਘ ਦੀ ਲਗਾਈ ਜਾਂਦੀ ਹੈ।
11. ਸਭਾ ਵਿੱਚ ਸੇਵਾਦਾਰ ਕਮ ਚੌਕੀਦਾਰ ਦੀ ਭਰਤੀ ਸਬੰਧੀ ਪੰਜਾਬੀ ਦੇ ਅਖਬਾਰ ਵਿੱਚ ਜਨਤਕ ਨੋਟਿਸ ਦੇਣ ਲਈ ਸਲੈਕਸ਼ਨ ਕਮੇਟੀ ਦੇ ਪ੍ਰਧਾਨ ਅਤੇ ਸਕੱਤਰ ਸਭਾ ਨੂੰ ਅਧਿਕਾਰਿਤ ਕੀਤਾ ਜਾਂਦਾ ਹੈ।
12. ਸੇਵਾਦਾਰ ਕਮ ਚੌਕੀਦਾਰ ਦੀ ਅਸਾਮੀ ਲਈ ਅਪਲਾਈ ਕਰਨ ਲਈ ਚਾਹਵਾਨ ਉਮੀਦਵਾਰਾਂ ਨੂੰ ਸਾਦੇ ਕਾਗਜ ਉਪਰ ਆਪਣੀ ਦਰਖਾਸਤ ਦੇ ਨਾਲ ਆਪਣੇ ਸਵੈ-ਤਸਦੀਕਸ਼ੁਦਾ ਸਰਟੀਫਿਕੇਟ ਮਿਤੀ 23-12-2021 ਨੂੰ ਸ਼ਾਮ 5 ਵਜੇ ਤੱਕ ਸਭਾ ਦੇ ਸੇਵਾਦਾਰ ਕਮ ਚੌਕੀਦਾਰ ਜਗਦੇਵ ਸਿੰਘ ਪਾਸ ਸਬਮਿਟ ਕਰਵਾਉਣੇ ਲਾਜਮੀ ਹਨ। ਦੇਰੀ ਨਾਲ ਆਈ ਕੋਈ ਵੀ ਦਰਖਾਸਤ ਵਿਚਾਰਣਯੋਗ ਨਹੀ ਹੋਵੇਗੀ। ਉਮੀਦਵਾਰਾਂ ਨੂੰ ਇਸ ਸਬੰਧੀ ਕੋਈ ਟੀ.ਏ./ਡੀ.ਏ ਨਹੀ ਦਿੱਤਾ ਜਾਵੇਗਾ।
13. ਸਰਵਿਸ ਵਿੱਚ ਨਿਯੁਕਤੀ ਉਪਰੰਤ ਸੇਲਜਮੈਨ ਇੱਕ ਸਾਲ ਦੇ ਸਮੇ ਲਈ ਅਜਮਾਇਸ਼ ਤੇ ਹੋਵੇਗਾ।

ਨੋਟ:-ਭਰਤੀ ਸਬੰਧੀ ਇੰਟਰਵਿਊ ਮਿਤੀ 24-12-2021 ਨੂੰ ਸਭਾ ਦੇ ਦਫਤਰ ਪਿੰਡ ਖੁੰਨਣ ਖੁਰਦ (ਤਹਿਸੀਲ ਗਿੱਦੜਬਾਹਾ ਜਿਲਾ ਸ਼੍ਰੀ ਮੁਕਤਸਰ ਸਾਹਿਬ) ਵਿਖੇ ਸਵੇਰੇ 11 ਵਜੇ ਨਿਸ਼ਚਿਤ ਕੀਤੀ ਗਈ ਹੈ।

| | |
|---|---|
| ਸਹੀ/ਪ੍ਰਧਾਨ | ਸਹੀ/ਸਕੱਤਰ |
| ਦੀ ਖੁੰਨਣ ਖੁਰਦ ਬਹੁਮੰਤਵੀ | ਦੀ ਖੁੰਨਣ ਖੁਰਦ ਬਹੁਮੰਤਵੀ |
| ਖੇਤੀਬਾੜੀ ਸਹਿਕਾਰੀ ਸਭਾ ਲਿਮ | ਖੇਤੀਬਾੜੀ ਸਹਿਕਾਰੀ ਸਭਾ ਲਿ: |

Scanned with CamScanner

# ਦਫਤਰ ਸਹਾਇਕ ਰਜਿਸਟਰਾਰ,ਸਹਿਕਾਰੀ ਸਭਾਂਵਾਂ ਗਿੱਦੜਬਾਹਾ ।

ਸੇਵਾ ਵਿਖੇ

ਮਾਨਯੋਗ ਰਜਿਸਟਰਾਰ

ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।

ਨੰਬਰ ਸ.ਰ.ਗਿ..1716 ਮਿਤੀ....10.12.21

ਵਿਸ਼ਾ- ਦੀ ਖੂੰਨਣ ਖੁਰਦ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ ਵਿੱਚ ਸੇਵਾਦਾਰ-ਕਮ-ਚੋਕੀਦਾਰ ਦੀ ਅਸਾਮੀ ਦੀ ਭਰਤੀ ਦੇ ਆਨਲਾਈਨ ਇਸ਼ਤਿਹਾਰ ਸਬੰਧੀ।

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਆਪ ਜੀ ਦੇ ਦਫਤਰ ਦੁਆਰਾ ਆਪਣੇ ਪੱਤਰ ਰਸਸ/ਰਿਣ-2/ਸੀ.ਬੀ.ਏ.5/ਗਿ ਗਿੱਦੜਬਾਹਾ/11313 ਮਿਤੀ 08.10.2021 ਰਾਹੀ ਦੀ ਖੂੰਨਣ ਖੁਰਦ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ ਵਿੱਚ ਸੇਵਾਦਾਰ ਕਮ ਚੋਕੀਦਾਰ ਦੀ ਭਰਤੀ ਕਰਨ ਦੀ ਮੰਨਜ਼ੂਰੀ ਦਿੱਤੀ ਸੀ। ਆਪ ਜੀ ਦੇ ਹੁਕਮ ਪਿੱਠ ਅੰਕਣ ਰਸਸ ਰਿਣ-2/ਸੀ.ਏ/ਸੇਵਾ ਨਿਯਮ 1997/92 ਮਿਤੀ 27.02.2020 ਕਰਮਚਾਰੀਆਂ ਦੀ ਭਰਤੀ ਵਿੱਚ ਪਾਰਦਰਸ਼ਤਾ ਲਿਆਉਣ ਲਈ ਇਸ਼ਤਿਹਾਰਾ ਨੂੰ ਵਿਭਾਗ ਦੇ ਪੋਰਟਲ ਉਪਰ ਆਨਲਾਈਨ ਕਰਨ ਦੇ ਹੁਕਮ ਕੀਤੇ ਗਏ ਸਨ। ਉਕਤ ਹੁਕਮਾ ਦੀ ਪਾਲਣਾ ਕਰਦੇ ਹੋਏ ਦੀ ਖੂੰਨਣ ਖੁਰਦ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ ਦੀ ਸਭਾ ਕਮੇਟੀ ਵੱਲੋ ਮੁੱਖ ਦਫਤਰ ਪਾਸੋ ਪ੍ਰਾਪਤ ਪ੍ਰਵਾਨਗੀ ਦੇ ਅਧਾਰ ਤੇ ਕਾਰਵਾਈ ਕਰਦਿਆ ਸਭਾ ਵਿੱਚ ਸੇਵਾਦਾਰ ਕਮ ਚੋਕੀਦਾਰ ਨਿਯੁਕਤ ਕਰਨ ਲਈ ਕੀਤੀ ਜਾਣ ਵਾਲੀ ਭਰਤੀ ਪ੍ਰਕਿਰਿਆ ਦੇ ਤਹਿਤ ਮਿਤੀ 23.12.2021 ਤੱਕ ਉਮਿਦਵਾਰਾ ਪਾਸੋ ਸਭਾ ਵਿੱਚ ਸੇਵਾਦਾਰ ਕਮ ਚੋਕੀਦਾਰ ਦੀ ਪੋਸਟ ਤੇ ਅਪਲਾਈ ਕਰਨ ਸਬੰਧੀ ਦਰਖਾਸਤਾ ਦੀ ਮੰਗ ਕੀਤੀ ਹੈ ਅਤੇ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਸਭਾਵਾਂ ਸੇਵਾ ਨਿਯਮ 1997 ਦੇ ਭਾਗ 5 ਦੀ ਪਾਲਣਾ ਕਰਦੇ ਹੋਏ ਮਿਤੀ 24.12.2021 ਨੂੰ ਦੀ ਖੂੰਨਣ ਖੁਰਦ ਬਹੁਮੰਤਵੀ ਸਹਿਕਾਰੀ ਸਭਾ ਲਿਮ ਦੇ ਦਫਤਰ ਵਿਖੇ ਸਵੇਰੇ 11 ਵਜੇ ਇੰਟਰਵਿਊ ਕਰਨੀ ਨਿਸ਼ਚਿਤ ਕਰਦੀ ਹੈ। ਜਿਸ ਸਬੰਧੀ ਸਬ ਕਮੇਟੀ ਵੱਲੋ ਦੋ ਪੰਜਾਬੀ ਦੇ ਅਖਬਾਰ ਮਿਤੀ 08.12.2021 ਨੂੰ ਅੱਜ ਦੀ ਆਵਾਜ (ਸਫਾ ਨੰ 11) ਅਤੇ ਯੁਗਮਾਰਗ ( ਸਫਾ ਨੰ 2) ਵਿੱਚ ਜਨਤਕ ਨੋਟਿਸ (ਨਾਲ ਨੱਥੀ) ਰਾਹੀ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਗਿਆ ਹੈ। ਇਸ ਲਈ ਆਪ ਜੀ ਨੂੰ ਇਸ ਪੱਤਰ ਨਾਲ ਨੱਥੀ ਦੋ ਅਖਬਾਰਾ ਦੇ ਨੋਟਿਸ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਸੇਵਾਦਾਰ ਕਮ ਚੋਕੀਦਾਰ ਦੀ ਭਰਤੀ ਅਤੇ ਇੰਟਰਵਿਊ ਦਾ ਇਸ਼ਤਿਹਾਰ ਵਿਭਾਗ ਦੇ ਪੋਰਟਲ ਉਪਰ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ। ਨੱਥੀ ਉਕਤ ਅਨੁਸਾਰ

ਸਹਾਇਕ ਰਜਿਸਟਰਾਰ

ਸਹਿਕਾਰੀ ਸਭਾਵਾਂ, ਗਿੱਦੜਬਾਹਾ

Scanned with CamScanner